ਦਫਤਰ ਡਿਪਟੀ ਕਮਿਸ਼ਨਰ, ਸ਼ਹੀਦ ਭਗਤ ਸਿੰਘ ਨਗਰ।

(ਫੁਟਕਲ ਸ਼ਾਖਾ)

ਹੁਕਮ :

ਕੋਵਿਡ-19 ਸਬੰਧੀ ਸਿਵਲ ਸਰਜਨ, ਸ਼ਹੀਦ ਭਗਤ ਸਿੰਘ ਨਗਰ ਪਾਸੋਂ ਪੱਤਰ ਨੰਬਰ ਆਈ.ਡੀ.ਐਸ.ਪੀ./2020/Spl-5 ਮਿਤੀ 21-03-2020 ਰਾਹੀਂ ਪ੍ਰਾਪਤ ਹੋਈ ਰਿਪੋਰਟ ਦੇ ਆਧਾਰ ਤੇ ਨਿਮਨਹਸਤਾਖਰ ਵਲੋਂ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵਲੋਂ ਜਾਰੀ ਨੋਟੀਫਿਕੇਸ਼ਨ ਨੰਬਰ 14/7/2020-4ਸਿਪ/677 ਮਿਤੀ 05-03-2020 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੋਇਆਂ, ਹੁਕਮ ਪਿੱਠ ਅੰਕਣ ਨੰ: 237-40/PA/COVID-19 ਮਿਤੀ 21-03-2020 ਰਾਹੀਂ ਪਿੰਡ ਲਿਧਾਣਾ ਝਿੱਕਾ, ਲਿਧਾਣਾ ਉੱਚਾ ਅਤੇ ਸੁੱਜੋਂ ਨੂੰ Containment Zone ਘੋਸ਼ਿਤ ਕੀਤਾ ਗਿਆ ਸੀ।

ਹੁਣ ਸਿਵਲ ਸਰਜਨ, ਸ਼ਹੀਦ ਭਗਤ ਸਿੰਘ ਨਗਰ ਵਲੋਂ ਆਪਣੇ ਦਫਤਰ ਦੇ ਪੱਤਰ ਨੰਬਰ ਆਈ.ਡੀ.ਐਸ.ਪੀ./2020/41 ਮਿਤੀ 11-05-2020 ਰਾਹੀਂ ਇਸ ਦਫਤਰ ਨੂੰ ਲਿਖਿਆ ਹੈ ਕਿ ਸ਼੍ਰੀ ਬਲਦੇਵ ਸਿੰਘ ਪੁੱਤਰ ਸ਼੍ਰੀ ਜਗਨ ਨਾਥ, ਵਾਸੀ ਪਿੰਡ ਪਠਲਾਵਾ ਦੇ ਨਜ਼ਦੀਕੀ ਕੰਨਟੈਕਟ ਫਤਿਹ ਸਿੰਘ, ਸੁਖਵਿੰਦਰ ਸਿੰਘ, ਹਰਵਿੰਦਰ ਸਿੰਘ, ਰਾਜਵਿੰਦਰ ਕੌਰ, ਹਰਪ੍ਰੀਤ ਕੌਰ ਜੋ ਕਿ ਪਿੰਡ ਪਠਲਾਵਾ ਦੇ ਸਨ।

ਸ਼੍ਰੀਮਤੀ ਹਰਮਿੰਦਰ ਕੌਰ ਪਤਨੀ ਸ਼੍ਰੀ ਜਸਵਿੰਦਰ ਸਿੰਘ ਵਾਸੀ ਪਿੰਡ ਸੁੱਜੋਂ ਜੋ ਕਿ ਮਿਤੀ 21-03-2020 ਨੂੰ ਕੋਵਿਡ-19 ਪਾਜੀਟਿਵ ਮਰੀਜ ਪਾਈ ਗਈ ਸੀ ਅਤੇ ਉਹ ਮਿਤੀ 13-04-2020 ਨੂੰ ਕੋਵਿਡ-19 ਤੋਂ Cure ਹੋ ਗਈ ਤਾਂ ਉਸਦਾ ਪੁੱਤਰ ਸ਼੍ਰੀ ਇੰਦਰਜੀਤ ਸਿੰਘ ਪੁੱਤਰ ਸ਼੍ਰੀ ਜਸਵਿੰਦਰ ਸਿੰਘ, ਵਾਸੀ ਪਿੰਡ ਸੁੱਜੋਂ ਜੋ ਕਿ ਮਿਤੀ 24-03-2020 ਨੂੰ ਕੋਵਿਡ-19 ਦਾ ਪਾਜੀਟਿਵ ਪਾਇਆ ਗਿਆ ਅਤੇ ਮਿਤੀ 08-04-2020 ਨੂੰ ਕੋਵਿਡ-19 ਤੋਂ Cure ਹੋ ਗਿਆ ਹੈ।

ਕੋਵਿਡ-19 ਦੀਆਂ ਗਾਈਡਲਾਈਨਾਂ ਅਨੁਸਾਰ ਪਿੰਡ ਦੇ ਆਖਰੀ ਮਰੀਜ ਦੇ Cure ਹੋਣ ਤੋਂ 28 ਦਿਨਾਂ ਬਾਅਦ ਸੀਲ ਕੀਤੇ ਪਿੰਡਾਂ ਨੂੰ ਖੋਲਣਾ ਬਣਦਾ ਹੈ। ਪਿੰਡ ਸੁੱਜੋਂ ਦੀ ਸ਼੍ਰੀਮਤੀ ਹਰਮਿੰਦਰ ਕੌਰ ਮਿਤੀ 13-04-2020 ਨੂੰ ਕੋਵਿਡ-19 ਤੋਂ Cure ਹੋਣ ਕਾਰਨ ਮਿਤੀ 13-04-2020 ਤੋਂ 28 ਦਿਨ ਮਿਤੀ 11-05-2020 ਨੂੰ ਪੂਰੇ ਹੁੰਦੇ ਹਨ। ਪਿੰਡ ਲਧਾਣਾ ਉੱਚਾ ਅਤੇ ਪਿੰਡ ਸੁੱਜੋਂ ਵਿਖੇ ਲਗਾਤਾਰ ਸਕਰੀਨਿੰਗ ਕਰਨ ਉਪਰੰਤ ਕੋਈ ਵੀ ਮਰੀਜ ਕੋਵਿਡ-19 ਨਹੀਂ ਪਾਇਆ ਗਿਆ। ਇਸ ਲਈ ਹੁਣ ਪਿੰਡ ਸੁੱਜੋਂ ਅਤੇ ਲਿਧਾਣਾ ਉੱਚਾ ਨੂੰ ਖੋਲਣ ਸਬੰਧੀ ਬਣਦੀ ਕਾਰਵਾਈ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਸਿਵਲ ਸਰਜਨ, ਸ਼ਹੀਦ ਭਗਤ ਸਿੰਘ ਨਗਰ ਪਾਸੋਂ ਪ੍ਰਾਪਤ ਹੋਈ ਉਕਤ ਰਿਪੋਰਟ ਨੂੰ ਮੁੱਖ ਰੱਖਦੇ ਹੋਏ ਮੈਂ ਵਿਨੈ ਬਬਲਾਨੀ, ਆਈ.ਏ.ਐਸ., ਡਿਪਟੀ ਕਮਿਸ਼ਨਰ, ਸ਼ਹੀਦ ਭਗਤ ਸਿੰਘ ਨਗਰ, ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵਲੋਂ ਜਾਰੀ ਨੋਟੀਫਿਕੇਸ਼ਨ ਨੰਬਰ 14/7/2020-4ਸਿਪ/677 ਮਿਤੀ 05-03-2020 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੋਇਆਂ ਹੇਠ ਲਿਖੇ ਅਨੁਸਾਰ 02 ਪਿੰਡਾਂ ਨੂੰ ਮਿਤੀ 12-05-2020 ਤੋਂ Containment Zone ਤੋਂ ਮੁਕਤ ਕਰਨ ਦਾ ਹੁਕਮ ਦਿੰਦਾ ਹਾਂ :-

ਲੜੀ ਨੰ:	ਪਿੰਡ ਦਾ ਨਾਮ	ਸਬ-ਡਵੀਜਨ
1	ਲਿਧਾਣਾ ਉੱਚਾ	ਬੰਗਾ
2	ਸੁੱਜੋਂ	ਨਵਾਂਸ਼ਹਿਰ

(ਵਿਨੈ ਬਬਲਾਨੀ, ਆਈ.ਏ.ਐਸ)
ਡਿਪਟੀ ਕਮਿਸ਼ਨਰ,
ਸ਼ਹੀਦ ਭਗਤ ਸਿੰਘ ਨਗਰ।

ਪਿੱਠ-ਅੰਕਣ ਨੰਬਰ: 3829-33 /PA/COVID-19 ਮਿਤੀ 12-5-2020

ਇਸ ਦਾ ਇੱਕ ਉਤਾਰਾ ਨਿਮਨ-ਲਿਖਤ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਚੰਡੀਗੜ੍ਹ।
2) ਸੀਨੀਅਰ ਪੁਲਿਸ ਕਪਤਾਨ, ਸ਼ਹੀਦ ਭਗਤ ਸਿੰਘ ਨਗਰ।
3) ਉਪ ਮੰਡਲ ਮੈਜਿਸਟਰੇਟ, ਨਵਾਂਸ਼ਹਿਰ / ਬੰਗਾ।
4) ਸਿਵਲ ਸਰਜਨ, ਸ਼ਹੀਦ ਭਗਤ ਸਿੰਘ ਨਗਰ ਨੂੰ ਉਹਨਾਂ ਦੇ ਦਫਤਰ ਦੇ ਪੱਤਰ ਨੰ: ਆਈ.ਡੀ.ਐਸ.ਪੀ./2020/41ਮਿਤੀ 11-05-2020 ਦੇ ਸਬੰਧ ਵਿੱਚ।

ਡਿਪਟੀ ਕਮਿਸ਼ਨਰ,
ਸ਼ਹੀਦ ਭਗਤ ਸਿੰਘ ਨਗਰ।

Scanned by CamScanner